# ਮਹਿੰਗਾਈ ਘਟਾਉਣ ਬਾਰੇ ਕਾਨੂੰਨ ਦਾ ਸੈਕਸ਼ਨ 22006

## ਪੀੜਤ ਦੇਣਦਾਰਾਂ ਲਈ ਸਹਾਇਤਾ ਦਾ ਪਹਿਲਾ ਪੜਾਅ

### ਸਾਰ

16 ਅਗਸਤ, 2022 ਨੂੰ ਪ੍ਰੈਜ਼ੀਡੈਂਟ ਬਾਈਡਨ ਨੇ ਕਾਨੂੰਨ ਵਿੱਚ ਮਹਿੰਗਾਈ ਘਟਾਉਣ ਬਾਰੇ ਕਾਨੂੰਨ (IRA) 'ਤੇ ਦਸਤਖ਼ਤ ਕੀਤੇ ਸਨ। IRA ਦੇ ਸੈਕਸ਼ਨ 22006 ਨੇ USDA ਲਈ ਤੈਅਸ਼ੁਦਾ ਖੇਤੀਬਾੜੀ ਸੇਵਾ ਏਜੰਸੀ (FSA) ਨਾਲ ਸਿੱਧੇ ਅਤੇ/ਜਾਂ ਗਰੰਟੀਸ਼ੁਦਾ ਕਰਜ਼ਿਆਂ ਨਾਲ ਪੀੜਤ ਦੇਣਦਾਰਾਂ ਨੂੰ ਰਾਹਤ ਦੇਣ ਅਤੇ ਜਿਹਨਾਂ ਲੋਕਾਂ ਦੀਆਂ ਖੇਤੀਬਾੜੀ ਸਬੰਧੀ ਕਾਰਵਾਈਆਂ ਮਾਲੀ ਜੋਖਮ ਦਾ ਸਾਹਮਣਾ ਕਰ ਰਹੀਆਂ ਹਨ, ਵਾਸਤੇ ਸਹਾਇਤਾ ਵਧਾਉਣ ਲਈ $3.1 ਅਰਬ ਮੁਹੱਈਆ ਕਰਾਏ ਹਨ। USDA ਦੇਣਦਾਰਾਂ ਦੀ ਖੇਤੀਬਾੜੀ ਬਣਾਈ ਰੱਖਣ, ਅੜਿੱਕੇ ਦੂਰ ਕਰਨ, ਜੋ ਇਸ ਸਮੇਂ ਕਈ ਦੇਣਦਾਰਾਂ ਨੂੰ ਆਪਣੀ ਜ਼ਮੀਨ 'ਤੇ ਪਰਤਣ ਤੋਂ ਰੋਕ ਰਹੇ ਹਨ, ਦੇ ਟੀਚੇ ਨਾਲ ਇਹ ਪ੍ਰਬੰਧ ਲਾਗੂ ਕਰ ਰਿਹਾ ਹੈ ਅਤੇ USDA ਲੰਮੀ-ਮਿਆਦ ਦੇ ਕਰਜ਼ੇ ਲੈਣ ਅਤੇ ਕਰਜ਼ਾ ਦੇਣ ਸਬੰਧੀ ਸੇਵਾ ਵਿੱਚ ਸੁਧਾਰ ਕਰ ਰਿਹਾ ਹੈ। ਕਈ ਕਿਸਾਨਾਂ ਲਈ, ਜਿਹਨਾਂ ਵਿੱਚ ਉਹ ਲੋਕ ਵੀ ਸ਼ਾਮਿਲ ਹਨ, ਜੋ ਮਹਾਮਾਰੀ ਕਰਕੇ ਬਜ਼ਾਰ 'ਤੇ ਪੈਣ ਵਾਲੇ ਅੜਿੱਕਿਆਂ, ਜਿਹੜੇ ਅੜਿੱਕੇ ਅਕਸਰ ਵੱਧ ਵਾਰੀ, ਹੋਰ ਤੀਬਰ, ਜਲਵਾਯੂ ਕਰਕੇ ਹੋਣ ਵਾਲੀਆਂ ਕੁਦਰਤੀ ਆਫ਼ਤਾਂ ਦੀ ਮਾਰ ਹੇਠ ਆਏ ਹੋਏ ਹਨ, ਇਹ ਮਦਦ ਉਹਨਾਂ ਲੋਕਾਂ ਲਈ ਇਸ ਕਰਕੇ ਵੀ ਬਹੁਤ ਜ਼ਰੂਰੀ ਹੈ, ਜੋ ਉਹ ਭੋਜਨ, ਫ਼ਾਈਬਰ ਅਤੇ ਈਂਧਣ ਦਾ ਉਤਪਾਦਨ ਕਰਦੇ ਰਹਿਣਾ ਚਾਹੁੰਦੇ ਹਨ, ਇਹ ਉਤਪਾਦਨ ਨਾ ਸਿਰਫ਼ ਸਾਡੇ ਪਿੰਡਾਂ ਦੇ ਭਾਈਚਾਰਿਆਂ, ਬਲਕਿ ਪੂਰੇ ਦੇਸ਼ ਦੀ ਭਲਾਈ ਲਈ ਜ਼ਰੂਰੀ ਹਨ।

### ਪਹਿਲਾ ਪੜਾਅ: ਇਹ ਕਿਵੇਂ ਕੰਮ ਕਰਦਾ ਹੈ

#### ਆੱਟੋਮੈਟਿਕ ਸਹਾਇਤਾ

USDA ਨੇ ਕਮੀਆਂ ਦੂਰ ਕਰਨ ਵਿੱਚ ਮਦਦ ਕਰਨ ਅਤੇ ਖੇਤੀਬਾੜੀ ਨਾਲ ਜੁੜੇ ਕਰਜ਼ੇ ਦੇ ਉਧਾਰ ਦੀ ਵਸੂਲੀ ਨਾ ਕੀਤੇ ਜਾਣ ਦਾ ਹੱਲ ਕੱਢਣ ਲਈ ਪੀੜਤ ਦੇਣਦਾਰਾਂ ਨੂੰ ਪਹਿਲਾਂ ਹੀ ਲਗਭਗ $800 ਮਿਲੀਅਨ ਸਹਾਇਤਾ ਮੁਹੱਈਆ ਕਰਾਈ ਹੈ, ਇਸ ਵਿੱਚ ਸ਼ਾਮਿਲ ਹਨ:

- ਲਗਭਗ 11,000 ਦੇਣਦਾਰਾਂ ਦੇ ਖਾਤਿਆਂ ਵਿੱਚ ਅੰਦਾਜ਼ਨ $600 ਮਿਲੀਅਨ ਦਾ ਭੁਗਤਾਨ ਕੀਤਾ ਗਿਆ ਹੈ, ਜਿਹੜੇ ਦੇਣਦਾਰਾਂ ਨੇ 30, ਸਿਤੰਬਰ 2022 ਤੱਕ ਆਪਣੇ ਸਿੱਧੇ FSA ਜਾਂ ਗਰੰਟੀਸ਼ੁਦਾ ਕਰਜ਼ੇ ਦਾ 60 ਜਾਂ ਵੱਧ ਦਿਨਾਂ ਤੱਕ ਦਾ ਭੁਗਤਾਨ ਨਹੀਂ ਕੀਤਾ ਸੀ। ਸਿੱਧੇ ਕਰਜ਼ੇ ਵਾਲੇ ਦੇਣਦਾਰਾਂ ਨੂੰ ਦਿੱਤੀ ਜਾਣ ਵਾਲੀ ਸਹਾਇਤਾ ਵਿੱਚ, ਉਹਨਾਂ ਦੇ ਮੌਜੂਦਾ ਕਰਜ਼ਿਆਂ ਦਾ ਭੁਗਤਾਨ ਕਰਨਾ ਅਤੇ ਉਹਨਾਂ ਦੀ ਅਗਲੀ ਸਲਾਨਾ ਕਿਸ਼ਤ ਨੂੰ ਇਸਦੇ ਘੇਰੇ ਹੇਠ ਲਿਆਉਣਾ ਸ਼ਾਮਿਲ ਹੈ। ਦੇਣਦਾਰਾਂ ਦੀ ਸਭ ਤੋਂ ਹਾਲੀਆ ਰਿਪੋਰਟ ਵਿੱਚ ਦੱਸੇ ਗਏ ਅਨੁਸਾਰ ਗਰੰਟੀਸ਼ੁਦਾ ਦੇਣਦਾਰਾਂ ਲਈ, ਭੁਗਤਾਨ ਦੀ ਇਹ ਰਕਮ ਉਸ ਰਕਮ ਦੇ ਬਰਾਬਰ ਸੀ, ਜਿਹਨਾਂ ਲਈ ਦੇਣਦਾਰ ਡਿਫ਼ਾੱਲਟਰ ਸਨ ਅਤੇ ਰਕਮਾਂ ਦਾ ਵਾਧੂ ਤਾਲਮੇਲ ਕਰਨਾ ਪੈ ਸਕਦਾ ਹੈ।
- ਅੰਦਾਜ਼ਨ ਉਹ 2,100 ਦੇਣਦਾਰ, ਜਿਹਨਾਂ ਦੇ ਕਰਜ਼ੇ ਦੀ ਗਰੰਟੀ ਖ਼ਤਮ ਹੋ ਗਈ ਸੀ, ਲਈ ਬਕਾਇਆ ਕਰਜ਼ਿਆਂ ਦੇ ਨਿਪਟਾਰੇ ਲਈ $200 ਮਿਲੀਅਨ ਤੋਂ ਵੱਧ ਦੀ ਰਕਮ ਦਾ ਭੁਗਤਾਨ ਕੀਤਾ ਗਿਆ ਹੈ, ਪਰ ਉਹਨਾਂ ਦਾ ਬਕਾਇਆ ਕਰਜ਼ਾ, ਹਰਜਾਨੇ ਜਾਂ ਵਸੂਲੀਆਂ ਲਈ ਖ਼ਜ਼ਾਨਾ ਵਿਭਾਗ ਨੂੰ ਭੇਜਿਆ ਗਿਆ ਸੀ ਜਾਂ ਭੇਜਿਆ ਜਾਣਾ ਸੀ। ਇਸ ਕਾਰਵਾਈ ਦਾ ਮਤਲਬ ਹੋਏਗਾ ਕਿ ਇਹਨਾਂ ਦੇਣਦਾਰਾਂ ਨੂੰ ਹੁਣ ਆਪਣੇ ਟੈਕਸ ਰਿਫ਼ੰਡਾਂ, ਸੋਸ਼ਲ ਸਿਕਿਓਰਿਟੀ ਲਾਭਾਂ ਜਾਂ ਹੋਰ ਫ਼ੈਡਰਲ ਲਾਭ ਦੇ ਭੁਗਤਾਨਾਂ ਦੀ ਕੁਰਕੀ ਦਾ ਸਾਹਮਣਾ ਨਹੀਂ ਕਰਨਾ ਪਏਗਾ।

18 ਅਕਤੂਬਰ, 2022 ਨੂੰ ਇਸ ਸਹਾਇਤਾ ਦੇ ਐਲਾਨ ਨਾਲ, USDA ਨੇ ਸਿੱਧੇ ਕਰਜ਼ੇ ਵਾਲੇ ਦੇਣਦਾਰਾਂ, ਜਿਹਨਾਂ ਨੇ ਕੋਵਿਡ-19 ਮਹਾਮਾਰੀ ਨੂੰ ਧਿਆਨ ਵਿੱਚ ਰਖਦਿਆਂ ਆਫ਼ਤਾਂ ਸਬੰਧੀ ਰਕਮਾਂ ਨੂੰ ਇੱਕ ਵਿਕਲਪ ਦੇ ਤੌਰ 'ਤੇ ਇਸਤੇਮਾਲ ਕੀਤਾ ਸੀ, ਲਈ ਸਹਾਇਤਾ ਦੇ ਉਹੀ ਪੱਧਰ ਮੁਹੱਈਆ ਕਰਾਉਣ ਲਈ ਮਹਾਮਾਰੀ ਸਬੰਧੀ ਉਪਲਬਧ ਸਹਾਇਤਾ ਫ਼ੰਡਾਂ ਤੋਂ ਲਗਭਗ $66 ਮਿਲੀਅਨ ਦੇ ਭੁਗਤਾਨ ਮੁਹੱਈਆ ਕਰਾਉਣ ਦਾ ਅਮਲ ਸ਼ੁਰੂ ਕੀਤਾ ਸੀ। 7,000 ਤੱਕ ਦੇਣਦਾਰ, ਜੋ ਮਹਾਮਾਰੀ ਦੌਰਾਨ ਆਪਣੇ ਮਿੱਥੇ ਹੋਏ ਸਿੱਧੇ ਕਰਜ਼ੇ ਦੇ ਭੁਗਤਾਨ ਕਰਨ ਲਈ ਜੂਝ ਰਹੇ ਸਨ ਅਤੇ ਉਹਨਾਂ ਨੇ ਆਪਣੇ ਕਰਜ਼ੇ ਦੀ ਮੈਚਿਓਰਿਟੀ ਦੀ ਅੰਤਮ ਤਾਰੀਖ਼ ਲਈ ਆਪਣੇ ਭੁਗਤਾਨ ਵਿੱਚ ਦੇਰੀ ਕਰਨ ਲਈ ਆਫ਼ਤਾਂ ਸਬੰਧੀ ਰਕਮਾਂ ਦੀ ਵਰਤੋਂ ਕੀਤੀ ਸੀ, ਨੂੰ ਬਕਾਇਆ ਰਹਿੰਦੀ ਸੈਟ-ਅਸਾਈਡ ਰਕਮ ਲਈ ਭੁਗਤਾਨ ਆਪਣੇ ਆਪ ਮਿਲੇਗਾ

#### ਹਰ ਕੇਸ ਦੇ ਹਿਸਾਬ ਨਾਲ

ਸ਼ੁਰੂਆਤੀ ਆੱਟੋਮੈਟਿਕ ਭੁਗਤਾਨਾਂ ਤੋਂ ਬਾਅਦ ਹੋਰ ਪੇਚੀਦਾ ਕੇਸਾਂ ਵਾਲੇ ਖੇਤੀਬਾੜੀ ਦੇ ਕਰਜ਼ੇ ਵਾਲੇ ਅੰਦਾਜ਼ਨ 1,600 ਦੇਣਦਾਰ, ਇਸ ਵਿੱਚ ਦੀਵਾਲੀਏ ਅਤੇ ਰਹਿਣਬੰਦੀ ਵਾਲੇ ਲੋਕ ਸ਼ਾਮਿਲ ਹੁੰਦੇ ਹਨ, ਕੋਲ ਲਗਭਗ $330 ਮਿਲੀਅਨ ਦੇ ਡਿਫ਼ਾੱਲਟ ਨਾਲ ਇਹਨਾਂ ਡਿਫ਼ਾੱਲਟਾਂ ਦਾ ਹੱਲ ਕਰਨ ਲਈ ਅਤੇ ਜੇ ਸਿੱਧੇ ਕਰਜ਼ੇ ਦਾ ਦੇਣਦਾਰ ਆਪਣੀ ਸਲਾਨਾ ਕਿਸ਼ਤ ਨੂੰ ਇਸਦੇ ਘੇਰੇ ਹੇਠ ਲਿਆਉਂਦਾ ਹੈ, ਤਾਂ ਉਸ ਕੋਲ ਇਹੀ ਸਹਾਇਤਾ ਲੈਣ ਦਾ ਮੌਕਾ ਹੁੰਦਾ ਹੈ। ਇਹਨਾਂ ਖਾਤਿਆਂ ਦਾ FSA ਵਲੋਂ ਹੱਥੀਂ, ਹਰ ਕੇਸ ਦੇ ਹਿਸਾਬ ਨਾਲ ਜਾਇਜ਼ਾ ਲੈਣਾ ਪਏਗਾ। ਕੇਸ ਦੀਆਂ ਜ਼ਰੂਰਤਾਂ ਦੇ ਅਧਾਰ 'ਤੇ ਇਹਨਾਂ ਕੇਸਾਂ ਵਿੱਚ ਮੁਹੱਈਆ ਕਰਾਈ ਗਈ ਮਦਦ ਵੱਖ ਹੋ ਸਕਦੀ ਹੈ ਅਤੇ ਰਹਿਣਬੰਦੀ ਦੀਆਂ ਫ਼ੀਸਾਂ ਦਾ ਨਿਪਟਾਰਾ ਕਰਨ ਲਈ ਵਾਧੂ ਭੁਗਤਾਨ ਸ਼ਾਮਿਲ ਹੋ ਸਕਦੇ ਹਨ।

18 ਅਕਤੂਬਰ, 2022 ਦੇ ਹਿੱਸੇ ਦੇ ਤੌਰ 'ਤੇ ਕਿਸੇ ਹੋਰ ਕੇਸ ਦੇ ਹਿਸਾਬ ਸਬੰਧੀ ਅਮਲ, ਇਸਦੇ ਨਾਲ ਹੀ ਐਲਾਨ ਮੌਜੂਦਾ ਕਰਜ਼ੇ ਦੀ ਸੇਵਾ ਦੇ ਅਮਲਾਂ ਹੇਠ ਇੱਕ ਵਿਕਲਪ ਜੋੜਦਾ ਹੈ, ਜਿਸਦੀ ਵਰਤੋਂ ਪਛਾਣ ਕਰਨ ਲਈ ਕੀਤੀ ਜਾਂਦੀ ਹੈ ਕਿ ਕਿਸੇ ਅੱਪ੍ਰੇਸ਼ਨ ਵਿੱਚ ਕਰਜ਼ੇ ਦੀ ਅਗਲੀ ਕਿਸ਼ਤ ਦਾ ਭੁਗਤਾਨ (ਇਹਨਾਂ ਨੂੰ ਮੌਜੂਦਾ FSA ਅਮਲਾਂ ਹੇਠ ਮਾਲੀ ਤੌਰ 'ਤੇ ਪੀੜਤ ਦੇਣਦਾਰਾਂ ਵਜੋਂ ਵੀ ਜਾਣਿਆ ਜਾਂਦਾ ਹੈ) ਕਰਨ ਲਈ ਚੋਖੀ ਨਗਦੀ ਦੀ ਲੋੜ ਪੈਂਦੀ ਹੈ। USDA ਅਗਲੀ ਕਿਸ਼ਤ, ਜੋ ਕਿ ਨਗਦੀ ਦੀਆਂ ਇਹਨਾਂ ਵੰਗਾਰਾਂ ਦਾ ਸਾਹਮਣਾ ਕਰ ਰਹੇ ਯੋਗ ਦੇਣਦਾਰਾਂ ਲਈ ਬਕਾਇਆ ਹੈ, ਨੂੰ ਕਵਰ ਕਰਨ ਲਈ ਦੇਣਦਾਰ ਵਲੋਂ ਕੀਤੀ ਗਈ ਬੇਨਤੀ 'ਤੇ ਨਵੀਂ ਸਹਾਇਤਾ ਮੁਹੱਈਆ ਕਰੇਗੀ। USDA ਨੇ ਅੰਦਾਜ਼ਾ ਲਾਇਆ ਹੈ ਕਿ 14,000 ਤੱਕ ਦੇਣਦਾਰ ਅੰਦਾਜ਼ਨ $175 ਮਿਲੀਅਨ ਦੀ ਸਹਾਇਤਾ ਲਈ ਹੱਕਦਾਰ ਹੋ ਸਕਦੇ ਹਨ। ਸਿੱਧੇ ਕਰਜ਼ੇ ਵਾਲੇ ਦੇਣਦਾਰਾਂ ਨੂੰ ਸੰਭਵ ਸਹਾਇਤਾ ਲਈ ਪ੍ਰੇਰਣ ਵਾਲੀ ਚੋਖੀ ਨਗਦੀ ਦੀ ਪ੍ਰਾਪਤੀ ਦਾ ਜਾਇਜ਼ਾ ਸ਼ੁਰੂ ਕਰਨ ਲਈ ਅਮਲ ਦਾ ਵੀ ਚੇਤਾ ਕਰਾਇਆ ਜਾਏਗਾ।

### ਅੱਗੇ ਕੀ ਹੋਣਾ ਹੈ

ਭੁਗਤਾਨਾਂ ਦੇ ਪਹਿਲੇ ਗੇੜ ਨੂੰ "ਖ਼ਾਸ ਟੀਚੇ ਹਾਸਿਲ ਕਰਨ ਲਈ ਪੈਸੇ ਦੀ ਬਰਬਾਦੀ ਰੋਕਣ" 'ਤੇ ਲਾਇਆ ਜਾਂਦਾ ਹੈ ਅਤੇ ਇਹ ਯਕੀਨੀ ਬਣਾਉਣ ਲਈ ਮਦਦ ਕੀਤੀ ਜਾਂਦੀ ਹੈ ਕਿ ਖੇਤੀਬਾੜੀ ਸਬੰਧੀ ਕਰਜ਼ਾ ਲੈਣ ਵਾਲੇ ਪੀੜਤ ਦੇਣਦਾਰ ਖੇਤੀਬਾੜੀ ਦੇ ਕਾਰੋਬਾਰ ਵਿੱਚ ਬਣੇ ਰਹਿ ਸਕਦੇ ਹਨ ਜਾਂ ਮੁੜ-ਸ਼ਾਮਿਲ ਹੋ ਸਕਦੇ ਹਨ ਅਤੇ ਆਪਣੇ ਭਾਈਚਾਰਿਆਂ ਨੂੰ ਭੋਜਨ ਮੁਹੱਈਆ ਕਰਾਉਣਾ ਜਾਰੀ ਰੱਖ ਸਕਦੇ ਹਨ। 18 ਅਕਤੂਬਰ ਦਾ ਐਲਾਨ, ਖੇਤੀਬਾੜੀ ਸਬੰਧੀ ਕਰਜ਼ਾ ਲੈਣ ਵਾਲੇ ਪੀੜਤ ਦੇਣਦਾਰਾਂ ਨੂੰ ਸਹਾਇਤਾ ਮੁਹੱਈਆ ਕਰਾਉਣ ਵਲ ਸਿਰਫ਼ ਪਹਿਲਾ ਪੜਾਅ ਹੈ। ਇਹ ਕੋਸ਼ਿਸ਼ ਆਖ਼ਰਕਾਰ ਹੋਰ ਸਾਧਨਾਂ ਨੂੰ ਜੋੜਣ ਅਤੇ IRA ਰਾਹੀਂ ਕਾਂਗ੍ਰੇਸ਼ ਵਲੋਂ ਮੁਹੱਈਆ ਕਰਾਈ ਗਈ ਬਕਾਇਆ ਸਹਾਇਤਾ ਦਾ ਫ਼ਾਇਦਾ ਲੈਕੇ ਗ਼ੈਰਜ਼ਰੂਰੀ ਪਾਬੰਦੀਆਂ ਨੂੰ ਵੀ ਨਰਮ ਕਰਨਾ ਸ਼ਾਮਿਲ ਹੋਏਗਾ। ਅਗਲੇ ਪੜਾਵਾਂ ਵਿੱਚ ਹੋਰ ਸਹਾਇਤਾ ਅਤੇ ਪਹੁੰਚ ਲਈ ਤਬਦੀਲੀਆਂ ਕੀਤੀਆਂ ਜਾਣਗੀਆਂ।

### ਹੋਰ ਵੱਧ ਜਾਣੋ

ਹੋਰ ਜਾਣਕਾਰੀ ਲਈ:

- ਇਸ ਵੈਬਸਾਈਟ farmers.gov/inflation-reduction-investments 'ਤੇ ਜਾਓ;
- ਸਵੇਰੇ 8 ਵਜੇ ਅਤੇ ਸ਼ਾਮੀਂ 7 ਵਜੇ ਈਸਟਰਨ ਵਿਚਕਾਰ 877-508-8364 'ਤੇ FSA ਕਾੱਲ ਸੈਂਟਰ ਨਾਲ ਸੰਪਰਕ ਕਰੋ।
- ਟੈਕਸ ਸ੍ਰੋਤਾਂ ਸਬੰਧੀ, farmers.gov/taxes 'ਤੇ ਜਾਓ।